# ਆਪਣੀ ਪਹਿਲੀ ਭਾਸ਼ਾ ਰੱਖਣੀ ਮਹੱਤਵ ਪੂਰਨ ਹੈ।



**ਜੇ ਤੁਸੀਂ ਘਰ ਜਾਂ ਆਪਣੇ ਪਰਿਵਾਰ ਵਿੱਚ ਕੋਈ ਹੋਰ ਭਾਸ਼ਾ ਬੋਲਦੇ ਹੋ, ਜਿੰਨੀ ਛੇਤੀ ਹੋ ਸਕੇ, ਆਪਣੇ ਬੱਚੇ ਨੂੰ ਤੁਹਾਡੀ ਘਰ ਦੀ ਭਾਸ਼ਾ, ਅੰਗਰੇਜ਼ੀ ਦੀ ਤਰਾਂ, ਬੋਲਣੀ ਅਤੇ ਪੜ੍ਹਨੀ ਸਿੱਖਣ ਵਿੱਚ ਮੱਦਦ ਕਰਨੀ ਚੰਗੀ ਗੱਲ ਹੈ।**

ਉਸ ਪਹਿਲੀ ਭਾਸ਼ਾ ਵਿੱਚ ਪੜ੍ਹਨਾ ਲਿਖਣਾ ਸਿੱਖਣ ਨਾਲ ਤੁਹਾਡੇ ਬੱਚੇ ਨੂੰ ਅੰਗਰੇਜ਼ੀ ਦੀ ਪੜ੍ਹਾਈ ਲਿਖਾਈ ਵਿੱਚ ਮੱਦਦ ਮਿਲੇਗੀ। ਇੱਕ ਭਾਸ਼ਾ ਵਿੱਚ ਪ੍ਰਾਪਤ ਕੀਤਾ ਹੁਨਰ ਦੂਜੀਆਂ ਭਾਸ਼ਾਵਾਂ ਵਿੱਚ ਮੱਦਦਗਾਰ ਹੁੰਦਾ ਹੈ।

ਜਿਹੜੇ ਵਿਦਿਆਰਥੀ ਆਪਣੀ ਘਰ ਦੀ ਭਾਸ਼ਾ ਬਰਕਰਾਰ ਰੱਖਦੇ ਹਨ, ਉਹਨ੍ਹਾਂ ਨੂੰ

- ਚੰਗੇਰਾ ਪਤਾ ਹੁੰਦਾ ਹੈ ਕਿ ਭਾਸ਼ਾ ਕਿਵੇਂ ਕੰਮ ਕਰਦੀ ਹੈ।
- ਸ਼ਬਦਾਂ ਵਿੱਚ ਸਮਾਨਤਾਵਾਂ, ਉਚਾਰਨ, ਜੋੜ ਜਾਂ ਵਿਆਕਰਣ ਵਿੱਚ ਫਾਇਦਾ ਹੁੰਦਾ ਹੈ। ਜਿੱਥੇ ਭਾਸ਼ਾ ਅੰਗਰੇਜ਼ੀ ਤੋਂ ਬਹੁਤ ਵੱਖਰੀ ਵੀ ਹੈ, ਉਥੇ ਵੀ ਅਵਾਜ਼ਾਂ ਅਤੇ ਸ਼ਬਦ ਤਰਤੀਬ ਵਿੱਚ ਲਾਭਦਾਇਕ ਸਮਾਨਤਾਵਾਂ ਹੋ ਸਕਦੀਆਂ ਹਨ।

ਇਸ ਨਾਲ ਬੱਚਿਆਂ ਦੇ ਭਾਸ਼ਾ ਪ੍ਰਤੀ ਵਿਸ਼ਵਾਸ ਵਿੱਚ ਆਮ ਵਾਧਾ ਹੁੰਦਾ ਹੈ। ਇਸ ਕਰਕੇ ਉਹ

- ਜਮਾਤ ਵਿੱਚ ਜ਼ਿਆਦਾ ਉਤੇਜਨਾ ਨਾਲ ਹਿੱਸਾ ਲੈਂਦੇ ਹਨ।
- ਸ਼ਬਦਾਂ ਨੂੰ ਜ਼ਿਆਦਾ ਛੇਤੀ ਸਮਝਦੇ ਜਾਂ ਅੰਦਾਜ਼ਾ ਲਾਉਂਦੇ ਹਨ।
- ਸ਼ਬਦਕੋਸ਼ ਦਾ ਜ਼ਿਆਦਾ ਫਾਇਦਾ ਲੈਂਦੇ ਹਨ ਅਤੇ ਟਿੱਪਣੀ ਲਿਖਣ ਵਿੱਚ ਜ਼ਿਆਦਾ ਸੰਗਠਿਤ ਹੁੰਦੇ ਹਨ।
- ਵਾਧੂ ਜਾਂ ਨਵੀਂ ਜਾਣਕਾਰੀ ਦੀ ਭਾਲ ਵਿੱਚ ਰਹਿੰਦੇ ਹਨ।

## ਇੱਕ ਨਾਲੋਂ ਦੋ ਭਾਸ਼ਾਵਾਂ ਬੇਹਤਰ ਹੁੰਦੀਆਂ ਹਨ





**ਵਿਦਿਆਰਥੀ ਆਪਣੀ ਘਰ ਦੀ ਭਾਸ਼ਾ ਅਕਸਰ ਸਿਰਫ ਉਹਨਾਂ ਜਾਂ ਉਹਨਾਂ ਦੇ ਪਰਿਵਾਰ ਦੀ ਕੋਸ਼ਿਸ਼ ਸਦਕਾ ਬਰਕਰਾਰ ਰੱਖਦੇ ਹਨ।**

ਇਸ ਵਾਸਤੇ ਦੋਵਾਂ ਮਾਪਿਆਂ ਨੂੰ ਦੋਵਾਂ ਭਾਸ਼ਾਵਾਂ ਵਿੱਚ ਰਵਾਂ ਹੋਣ ਦੀ ਜਰੂਰਤ ਨਹੀਂ, ਨਾ ਹੀ ਹਰ ਸ਼ਬਦ ਜੋ ਉਹ ਕਹਿੰਦੇ ਹਨ ਦਾ ਇੱਕ ਤੋਂ ਦੂਜੀ ਭਾਸ਼ਾ ਵਿੱਚ ਤਰਜ਼ਮਾਂ ਕਰਨ ਦੀ ਲੋੜ ਹੈ। ਇੱਕ ਮਾਪੇ ਦੁਆਰਾ ਬੱਚੇ ਨਾਲ ਅੰਗਰੇਜ਼ੀ ਵਿੱਚ ਬੋਲਣਾ ਅਤੇ ਪੜ੍ਹਨਾ ਅਤੇ ਦੂਜੇ ਮਾਪੇ ਦੁਆਰਾ ਘਰ ਵਾਲੀ ਭਾਸ਼ਾ ਵਿੱਚ ਬੋਲਣਾ ਅਤੇ ਪੜ੍ਹਨਾ ਇੱਕ ਚੰਗੀ ਯੋਜਨਾਂ ਹੈ, ਇਸ ਤਰਾਂ ਬੱਚਾ ਦੋਵਾਂ ਭਾਸ਼ਾਵਾਂ ਵਿੱਚ ਬਰਾਬਰ ਚੱਲਣ ਦਾ ਆਦੀ ਹੋ ਜਾਂਦਾ ਹੈ - ਇੱਕ ਭਾਸ਼ਾ ਹਰ ਮਾਪੇ ਨਾਲ।

ਜਿਹੜੇ ਵਿਦਿਆਰਥੀ ਆਪਣੀ ਘਰ ਦੀ ਭਾਸ਼ਾ ਬਰਕਰਾਰ ਰੱਖਦੇ ਹਨ ਉਹ

- ਇਸ ਨੂੰ ਜਾਨਣ ਅਤੇ ਵਰਤਣ ਵਿੱਚ ਮਾਣ ਮਹਿਸੂਸ ਕਰਦੇ ਹਨ।
- ਆਪਣੇ ਵਿਰਸੇ ਨੂੰ ਬਰਕਰਾਰ ਰੱਖਣ ਦੇ ਚਾਹਵਾਨ ਹੁੰਦੇ ਹਨ।
- ਭਾਸ਼ਾਵਾਂ ਵਿੱਚ ਆਮ ਤੌਰ ਤੇ - ਅਤੇ ਵੱਖੋ ਵੱਖ ਸਭਿਅਤਾਵਾਂ ਵਾਰੇ ਸਿੱਖਣ ਵਿੱਚ ਜਿਆਦਾ ਸ਼ੌਕ ਰੱਖਦੇ ਹਨ।

ਜਿਹੜੇ ਵਿਦਿਆਰਥੀ ਦੋ ਭਾਸ਼ਾਵਾਂ ਵਿੱਚ ਹੁਨਰ ਅਤੇ ਭਰੋਸਾ ਗ੍ਰਹਿਣ ਕਰ ਲੈਂਦੇ ਹਨ, ਅਕਸਰ ਅੱਗੇ ਚੱਲ ਕੇ ਤੀਜੀ ਭਾਸ਼ਾ ਦੀ ਕੋਸ਼ਿਸ਼ ਕਰਨ ਦੇ ਚਾਹਵਾਨ ਹੁੰਦੇ ਹਨ। ਹੁਨਰ ਜਿਹੜੇ ਉਹਨਾਂ ਨੇ ਪਹਿਲਾਂ ਹੀ ਹਾਸਲ ਕਰ ਲਏ ਹੁੰਦੇ ਹਨ, ਉਹਨਾਂ ਲਈ ਇਹ ਹੋਰ ਅਸਾਨ ਬਨਾਉਣਗੇ।

ਖੋਜ ਦਰਸਾਉਂਦੀ ਹੈ ਕਿ ਮੁੱਢਲੇ ਬਚਪਨ ਵਿੱਚ ਭਾਸ਼ਾਵਾਂ ਸਿੱਖਣ ਨਾਲ ਬੱਚਿਆਂ ਨੂੰ ਸਕੂਲ ਦੇ ਦੂਜੇ ਕੰਮ ਵਿੱਚ ਅਤੇ ਉਹਨਾਂ ਦੇ ਗ਼ਾਤੀ ਵਿਕਾਸ ਵਿੱਚ ਮੱਦਦ ਮਿਲਦੀ ਹੈ।

ਇਸ ਨਾਲ ਬਾਅਦ ਵਿੱਚ ਉਹਨਾਂ ਦੇ ਕੰਮ ਕਾਜੀ ਮੌਕਿਆਂ ਵਿੱਚ ਵੀ ਮੱਦਦ ਮਿਲੇਗੀ। ਜਿਹੜੇ ਮਾਪੇ ਆਪਣੇ ਬੱਚਿਆਂ ਦੇ ਅੰਗਰੇਜ਼ੀ ਤੋਂ ਬਿਨਾਂ ਦੂਜੀ ਭਾਸ਼ਾ ਦੇ ਵਿਕਾਸ ਅਤੇ ਬਰਕਰਾਰ ਰੱਖਣ ਵਿੱਚ ਮੱਦਦ ਕਰਦੇ ਹਨ ਉਹਨਾਂ ਦੀ ਖੁੱਲੀ ਕੰਮ ਕਾਜੀ ਚੋਣ ਵਿੱਚ ਮੱਦਦ ਕਰਦੇ ਹਨ, ਭਾਵੇਂ ਕਾਰੋਬਾਰ ਹੋਵੇ, ਰਾਜਨੀਤੀ, ਪੜ੍ਹਾਈ, ਅਖਬਾਰ ਨਵੀਸੀ, ਵਣਜ, ਸੈਰ ਸਪਾਟਾ ਜਾਂ ਹੋਰ ਬਹੁਤ ਖੇਤਰਾਂ ਵਿੱਚ।

ਭਾਸ਼ਾਈ ਹੁਨਰ ਦੂਜੇ ਦੇਸ਼ਾਂ ਦੇ ਲੋਕਾਂ ਅਤੇ ਸਭਿਆਚਾਰਾਂ ਸਬੰਧੀ ਜਾਣਕਾਰੀ ਬਨਾਉਣ ਵਿੱਚ ਮੱਦਦ ਕਰਦਾ ਹੈ ਜੋ ਕਿ ਇੱਕ ਚੰਗੇਰਾ ਭਾਈਚਾਰਾ ਅਤੇ ਜਿਆਦਾ ਸ਼ਾਂਤਮਈ ਸੰਸਾਰ ਬਨਾਉਣ ਵਿੱਚ ਵੀ ਹਿੱਸਾ ਪਾਉਂਦਾ ਹੈ।


acsso
Australian Council of State School Organisations Inc.

Australian Parents Council Inc.

OM.AU 6246